# Mifegymiso

**Mifepristone ਅਤੇ Misoprostol**

**ਗਰਭ-ਅਵਸਥਾ ਦੇ ਮੈਡੀਕਲ ਖ਼ਾਤਮੇ ਲਈ**




## ਮਰੀਜ਼ ਜਾਣਕਾਰੀ ਕਿਤਾਬਚਾ

Celopharma Inc.

# ਮਹੱਤਵਪੂਰਨ: ਪਹਿਲਾਂ ਪੜ੍ਹੋ

ਕਿਰਪਾ ਕਰਕੇ ਇਸ ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ।

ਅਸੀਂ ਤੁਹਾਨੂੰ ਮੁਹੱਈਆ ਕੀਤੀ ਜਾਣਕਾਰੀ ਬਾਰੇ ਸਵਾਲ ਪੁੱਛਣ ਲਈ ਹੱਲਾਸ਼ੇਰੀ ਦਿੰਦੇ ਹਾਂ। ਤੁਸੀਂ ਇਸ ਮਰੀਜ਼ ਦੀ ਜਾਣਕਾਰੀ ਬਾਰੇ ਕਿਤਾਬਚੇ ਵਿਚਲੀ ਜਾਣਕਾਰੀ ਨੂੰ ਆਪਣੇ ਸਿਹਤ ਪੇਸ਼ੇਵਰ, ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨਾਲ ਵਿਚਾਰਨਾ ਚਾਹ ਸਕਦੇ ਹੋ।

ਅਸੀਂ ਤੁਹਾਨੂੰ ਇਸ ਮਰੀਜ਼ ਬਾਰੇ ਜਾਣਕਾਰੀ ਕਿਤਾਬਚੇ ਨੂੰ ਭਵਿੱਖ ਦੇ ਸੰਦਰਭ ਲਈ ਸਾਂਭ ਕੇ ਰੱਖਣ ਦਾ ਸੁਝਾਅ ਦਿੰਦੇ ਹਾਂ। ਵਧੇਰੇ ਜਾਣਕਾਰੀ ਤੁਹਾਡੇ ਸਿਹਤ ਪੇਸ਼ੇਵਰ ਜਾਂ ਇਨਫੋ-ਹੈਲਥ ਲਾਈਨ (Info-Health line) ਤੋਂ ਉਪਲਬਧ ਹੁੰਦੀ ਹੈ

8-1-1.

ਇਸ ਮਰੀਜ਼ ਜਾਣਕਾਰੀ ਕਿਤਾਬਚੇ ਵਿੱਚ ਗਰਭ ਅਵਸਥਾ ਦੇ ਡਾਕਟਰੀ ਤਰੀਕੇ ਨਾਲ ਖਾਤਮੇ ਸੰਬੰਧੀ ਜਾਣਕਾਰੀ ਸ਼ਾਮਲ ਹੈ।

# ਇਸ ਕਿਤਾਬਚੇ ਵਿੱਚ ਕੀ ਦਿੱਤਾ ਗਿਆ ਹੈ?


1 ਗਰਭ ਅਵਸਥਾ ਦੀ ਸਮਾਪਤੀ ਲਈ ਵਰਤੀਆਂ ਜਾਂਦੀਆਂ ਦਵਾਈਆਂ: Mifepristone ਅਤੇ Misoprostol. ............................................2

2 ਤੁਹਾਡੇ ਦੁਆਰਾ ਦਵਾਈਆਂ ਲੈਣ ਤੋਂ ਪਹਿਲਾਂ. ........................................3

3 **ਦਵਾਈਆਂ ਕਿਵੇਂ ਲਈਏ** ..................................................................4

4 ਖਾਤਮੇ ਦੇ ਉੱਮੀਦ ਲੱਛਣ ..................................................................5

5 ਇਲਾਜ ਦੇ ਸੰਭਾਵੀ ਮਾੜੇ ਪ੍ਰਭਾਵ ......................................................7

6 ਫਾਲੋ-ਅੱਪ.........................................................................................9

7 ਮਹੱਤਵਪੂਰਨ ਨੰਬਰ ..........................................................................10

# 1 ਗਰਭ ਅਵਸਥਾ ਦੀ ਸਮਾਪਤੀ ਲਈ ਵਰਤੀਆਂ ਜਾਂਦੀਆਂ ਦਵਾਈਆਂ: Mifepristone ਅਤੇ Misoprostol

Mifegymiso ਦੇ ਹਰੇਕ ਪੈਕ ਵਿੱਚ **Mifepristone ਦਾ 1 ਹਰਾ ਪੈਕ** ਅਤੇ **Misoprostol ਦਾ 1 ਸੰਤਰੀ ਪੈਕ** ਸ਼ਾਮਲ ਹੁੰਦਾ ਹੈ।

ਗਰਭ ਅਵਸਥਾ ਦੇ ਡਾਕਟਰੀ ਤਰੀਕੇ ਨਾਲ ਖਾਤਮੇ ਲਈ ਦੋ ਦਵਾਈਆਂ ਵਰਤੀਆਂ ਜਾਣੀਆਂ ਚਾਹੀਦੀਆਂ ਹਨ: Mifepristone ਅਤੇ Misoprostol।

Mifepristone ਇੱਕ ਐਂਟੀ-ਹਾਰਮੋਨ ਹੁੰਦਾ ਹੈ। ਇਹ ਪ੍ਰੋਜੈਸਟ੍ਰੋਨ ਦੇ ਪ੍ਰਭਾਵਾਂ ਨੂੰ ਰੋਕਣ ਰਾਹੀਂ ਕੰਮ ਕਰਦਾ ਹੈ, ਇੱਕ ਹਾਰਮੋਨ ਜੋ ਗਰਭ ਅਵਸਥਾ ਨੂੰ ਜਾਰੀ ਰੱਖਣ ਲਈ ਜ਼ਰੂਰੀ ਹੁੰਦਾ ਹੈ।

Misoprostol ਇੱਕ ਪ੍ਰੋਸਟੈਗਲੈਂਡਿਨ ਹੁੰਦਾ ਹੈ ਅਤੇ ਇਸ ਨਾਲ ਬੱਚੇਦਾਨੀ ਦਾ ਸੁੰਗੜਨ ਅਤੇ ਬੱਚੇਦਾਨੀ ਦਾ ਵਿਸ਼ਰਾਮ ਹੁੰਦਾ ਹੈ ਜੋ ਬੱਚੇਦਾਨੀ ਦੀਆਂ ਸਮੱਗਰੀਆਂ ਨੂੰ ਬਾਹਰ ਕੱਢਣ ਵਿੱਚ ਸਹਾਇਤਾ ਕਰਦਾ ਹੈ।

ਗਰਭ ਅਵਸਥਾ ਨੂੰ ਖਤਮ ਕਰਨ ਲਈ Mifepristone ਅਤੇ Misoprostol ਦੋਵੇਂ ਇਕੱਠੇ ਕੰਮ ਕਰਦੇ ਹਨ।

ਇਹ ਕਿਤਾਬਚਾ ਗਰਭ ਅਵਸਥਾ ਦੇ ਖਾਤਮੇ ਲਈ Mifepristone ਅਤੇ Misoprostol ਦੀ ਵਰਤੋਂ ਬਾਰੇ ਜਾਣਕਾਰੀ ਮੁਹੱਈਆ ਕਰਦਾ ਹੈ।

ਤੁਹਾਡੇ ਦੁਆਰਾ ਦਵਾਈ ਲੈਣ ਤੋਂ ਪਹਿਲਾਂ, ਤੁਸੀਂ ਆਪਣੇ ਸਿਹਤ ਪੇਸ਼ੇਵਰ ਨਾਲ ਗੱਲ ਕਰੋਗੇ ਜੋ ਇੱਕ ਸਰੀਰਕ ਜਾਂਚ ਕਰੇਗਾ ਅਤੇ ਇੱਕ ਅਲਟ੍ਰਾਸਾਉਂਡ ਵੀ ਕਰਵਾ ਸਕਦਾ ਹੈ। ਜੇਕਰ ਤੁਹਾਡਾ ਸਿਹਤ ਪੇਸ਼ੇਵਰ ਮੁਲਾਂਕਣ ਕਰਦਾ ਹੈ ਕਿ ਤੁਹਾਡੀ ਗਰਭ ਅਵਸਥਾ 63 ਦਿਨਾਂ ਦੀ ਅਵਧੀ ਤੱਕ ਦੀ ਹੈ ਅਤੇ ਜੇਕਰ ਡਾਕਟਰੀ ਤਰੀਕੇ ਨਾਲ ਖਾਤਮਾ ਤੁਹਾਡੇ ਲਈ ਉਚਿਤ ਹੈ, ਤਾਂ ਤੁਸੀਂ ਇਲਾਜ ਸ਼ੁਰੂ ਕਰਨ ਲਈ ਯੋਗ ਹੋ ਸਕਦੇ ਹੋ।

# 2 ਤੁਹਾਡੇ ਦੁਆਰਾ ਦਵਾਈਆਂ ਲੈਣ ਤੋਂ ਪਹਿਲਾਂ

## ਗਰਭ ਅਵਸਥਾ ਦਾ ਡਾਕਟਰੀ ਤਰੀਕੇ ਨਾਲ ਖਾਤਮਾ ਤੁਹਾਡੇ ਲਈ ਉਚਿਤ ਨਹੀਂ ਹੋ ਸਕਦਾ ਹੈ, ਇਸ ਲਈ ਜੇਕਰ ਨਿਮਨਲਿਖਿਤ ਵਿੱਚੋਂ ਕੁਝ ਵੀ ਤੁਹਾਡੇ ਤੇ ਲਾਗੂ ਹੁੰਦਾ ਹੈ ਤਾਂ ਤੁਹਾਨੂੰ ਆਪਣੇ ਸਿਹਤ ਪੇਸ਼ੇਵਰ ਨੂੰ ਦੱਸਣਾ ਚਾਹੀਦਾ ਹੈ:

- ਤੁਸੀਂ ਗਰਭਵਤੀ ਹੋ ਅਤੇ ਆਪਣੀ ਗਰਭ ਅਵਸਥਾ ਨੂੰ ਜਾਰੀ ਰੱਖਣਾ ਚਾਹੁੰਦੇ ਹੋ
- ਤੁਹਾਡੀ ਗਰਭ ਅਵਸਥਾ ਦਾ ਮੁਲਾਂਕਣ 63 ਦਿਨਾਂ ਦੀ ਅਵਧੀ ਤੋਂ ਵੱਧ ਹੋਣ ਵੱਜੋਂ ਕੀਤਾ ਜਾਂਦਾ ਹੈ
- ਤੁਸੀਂ Mifepristone ਦੀ ਵਰਤੋਂ ਕਰਨ ਤੋਂ ਬਾਅਦ 14 ਦਿਨਾਂ ਦੇ ਅੰਦਰ-ਅੰਦਰ ਐਮਰਜੈਂਸੀ ਡਾਕਟਰੀ ਦੇਖਭਾਲ ਪ੍ਰਾਪਤ ਕਰਨ ਲਈ ਅਯੋਗ ਹੁੰਦੇ ਹੋ
- ਤੁਹਾਨੂੰ ਗਿਆਤ ਜਾਂ ਸ਼ੱਕੀ ਐਕਟੋਪਿਕ ਗਰਭ ਅਵਸਥਾ ਹੈ (ਬੱਚੇਦਾਨੀ ਦੇ ਬਾਹਰ ਵੱਧ ਰਹੀ ਗਰਭ ਅਵਸਥਾ)
- ਤੁਹਾਨੂੰ ਗਿਆਤ ਜਾਂ ਸ਼ੱਕੀ ਖੂਨ ਵਗਣ ਦੀ ਸਮੱਸਿਆ ਹੈ
- ਤੁਸੀਂ ਐਂਟੀਕੋਆਗੂਲੈਂਟਸ ਲੈ ਰਹੇ ਹੋ (ਖੂਨ ਦੇ ਗਤਲਿਆਂ ਨੂੰ ਰੋਕਣ ਜਾਂ ਉਨ੍ਹਾਂ ਦਾ ਇਲਾਜ ਕਰਨ ਵਾਲੀਆਂ ਦਵਾਈਆਂ)
- ਤੁਸੀਂ ਗੰਭੀਰ ਬਿਮਾਰੀ ਨਾਲ ਪੀੜਤ ਹੋ ਜਿੱਥੇ ਸਟਿਰੌਇਡਜ਼ ਲੈਣਾ ਜ਼ਰੂਰੀ ਹੋ ਜਾਂਦਾ ਹੈ (ਉਦਾਹਰਣ ਲਈ ਇਲਾਜ ਦੁਆਰਾ ਅਨਿਯੰਤਰਿਤ ਦਮਾ)
- ਤੁਸੀਂ ਕੋਰਟੀਕੋਸਟਿਰੌਇਡਜ਼ ਲੈ ਰਹੇ ਹੋ (ਪ੍ਰੇਡਨੀਸੋਲੋਨ ਅਤੇ ਕੋਰਟੀਸੋਨ ਵਰਗੀਆਂ ਦਵਾਈਆਂ, ਜੋ ਤੁਹਾਡੀ ਇਮਿਊਨ ਪ੍ਰਣਾਲੀ ਦੀ ਗਤੀਵਿਧੀ ਨੂੰ ਘਟਾਉਂਦੀਆਂ ਹਨ)
- ਤੁਹਾਨੂੰ ਐਡਰੇਨਲ ਅਸਫਲਤਾ ਹੈ
- ਤੁਹਾਨੂੰ ਜਾਂ ਤਾਂ Mifepristone ਅਤੇ/ਜਾਂ Misoprostol ਜਾਂ ਪ੍ਰੋਸਟੈਗਲੈਂਡਿਨ ਨਾਲ ਐਲਰਜੀ ਹੈ
- ਤੁਹਾਡੇ ਇੱਕ ਆਈ.ਯੂ.ਡੀ. (IUD) ਧਾਰਨ ਕੀਤੀ ਹੈ - ਗਰਭ ਅਵਸਥਾ ਦੇ ਖਾਤਮੇ ਦੀ ਪ੍ਰਕਿਰਿਆ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਸਨੂੰ ਹਟਾ ਦੇਣਾ ਚਾਹੀਦਾ ਹੈ

ਜੇਕਰ ਤੁਹਾਡਾ ਬਲੱਡ ਗਰੁੱਪ ਰੀਸਸ ਨਕਾਰਾਤਮਕ ਹੈ, ਤਾਂ Mifegymiso ਦੀ ਵਰਤੋਂ ਲਈ ਤੁਹਾਡੇ ਸਿਹਤ ਪੇਸ਼ੇਵਰ ਨੂੰ ਰੀਸਸ ਕਾਰਕ ਸੰਵੇਦਨਸ਼ੀਲਤਾ ਨੂੰ ਰੋਕਣ ਲਈ ਉਪਾਅ ਕਰਨ ਦੀ ਲੋੜ ਹੁੰਦੀ ਹੈ। ਜੇਕਰ ਤੁਸੀਂ ਆਪਣੇ ਬਲੱਡ ਗਰੁੱਪ ਬਾਰੇ ਯਕੀਨੀ ਨਹੀਂ ਹੋ ਤਾਂ ਕਿਰਪਾ ਕਰਕੇ ਆਪਣੇ ਸਿਹਤ ਪੇਸ਼ੇਵਰ ਨੂੰ ਪੁੱਛੋ।

ਜੇਕਰ ਤੁਸੀਂ ਛਾਤੀ ਦਾ ਦੁੱਧ ਚੁੰਘਾ ਰਹੇ ਹੋ ਤਾਂ Mifegymiso ਲੈਣ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ।

# 3 ਦਵਾਈਆਂ ਕਿਵੇਂ ਲਈਏ

## ਪ੍ਰਕਿਰਿਆ ਵਿੱਚ ਦੋ ਕਦਮ ਹੁੰਦੇ ਹਨ।

### ਪਹਿਲਾ ਕਦਮ

Mifepristone (ਹਰੇ ਬਾਕਸ) ਦੀ ਇੱਕ (1) ਗੋਲੀ ਤੁਹਾਡੇ ਸਿਹਤ ਪੇਸ਼ੇਵਰ ਦੁਆਰਾ ਦੱਸੇ ਅਨੁਸਾਰ ਮੂੰਹ ਨਾਲ ਲਈ ਜਾਏਗੀ।

ਕੁਝ ਔਰਤਾਂ ਇਲਾਜ ਦੇ ਪਹਿਲੇ ਅਤੇ ਦੂਜੇ ਪੜਾਵਾਂ ਵਿਚਕਾਰ ਖ਼ੂਨ ਵਗਣ ਦਾ ਅਨੁਭਵ ਕਰ ਸਕਦੀਆਂ ਹਨ। ਜੇਕਰ ਤੁਸੀਂ ਚਿੰਤਤ ਹੋ ਤਾਂ ਕਿਰਪਾ ਕਰਕੇ ਆਪਣੇ ਸਿਹਤ ਪੇਸ਼ੇਵਰ, ਕਲੀਨਿਕ ਜਾਂ Info-Health ਟੈਲੀਫੋਨ ਲਾਈਨ ਨਾਲ ਸੰਪਰਕ ਕਰੋ।

### ਦੂਜਾ ਕਦਮ

ਤੁਹਾਡੇ ਦੁਆਰਾ Mifepristone ਲੈਣ ਤੋਂ 24 ਤੋਂ 48 ਘੰਟਿਆਂ ਬਾਅਦ ਤੁਹਾਨੂੰ Misoprostol ਗੋਲੀਆਂ ਲੈਣ ਦੀ ਜ਼ਰੂਰਤ ਹੁੰਦੀ ਹੈ। ਇਹ ਤੁਹਾਡੇ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਇਸ ਸਮਾਂ ਅਵਧੀ ਦੇ ਅੰਦਰ-ਅੰਦਰ ਕਦੋਂ ਗੋਲੀਆਂ ਲੈਂਦੇ ਹੋ। ਤੁਹਾਨੂੰ ਪ੍ਰਕਿਰਿਆ ਨੂੰ ਆਪਣੇ ਰੋਜ਼ਾਨਾ ਦੇ ਕਾਰਜਕ੍ਰਮ ਵਿੱਚ ਫਿੱਟ ਕਰਨ ਦੀ ਯੋਜਨਾ ਬਣਾ ਲੈਣੀ ਚਾਹੀਦੀ ਹੈ।

ਤੁਸੀਂ ਇੱਕੋ ਸਮੇਂ 'ਤੇ ਸੰਤਰੀ ਬਾਕਸ ਵਿੱਚੋਂ ਚਾਰ (4) Misoprostol ਗੋਲੀਆਂ ਲਓਗੇ।

Misoprostol ਗੋਲੀਆਂ ਨੂੰ 30 ਮਿੰਟਾਂ ਲਈ, ਗਲ੍ਹ ਅਤੇ ਮਸੂੜੇ ਦੇ ਵਿਚਕਾਰ, ਆਪਣੇ ਮੂੰਹ ਵਿੱਚ ਗੋਲੀਆਂ ਰੱਖ ਕੇ ਲੈਣਾ ਚਾਹੀਦਾ ਹੈ। 30 ਮਿੰਟਾਂ ਬਾਅਦ ਬਾਕੀ ਬਚੇ ਕਿਸੇ ਵੀ ਟੁਕੜੇ ਨੂੰ ਪਾਣੀ ਦੇ ਗਿਲਾਸ ਨਾਲ ਨਿਗਲਿਆ ਜਾ ਸਕਦਾ ਹੈ।

ਇਸ ਤੋਂ ਬਾਅਦ ਤੁਸੀਂ ਯੋਨੀ ਵਿੱਚੋਂ ਕੁਝ ਖ਼ੂਨ ਵਗਣ, ਕੜਵੱਲ ਪੈਣ ਅਤੇ ਗਰਭ ਅਵਸਥਾ ਦੇ ਕੁਝ ਟਿਸ਼ੂ ਲੰਘਣ ਦੀ ਉਮੀਦ ਕਰ ਸਕਦੇ ਹੋ। ਇਹ ਆਮ ਤੌਰ 'ਤੇ 4 ਘੰਟਿਆਂ ਦੇ ਅੰਦਰ ਵਾਪਰਦਾ ਹੈ ਪਰ ਕੁਝ ਮਾਮਲਿਆਂ ਵਿੱਚ ਇਹ Misoprostol ਗੋਲੀਆਂ ਲੈਣ ਤੋਂ ਬਾਅਦ 30 ਮਿੰਟਾਂ ਅਤੇ 48 ਘੰਟਿਆਂ ਦੇ ਵਿਚਕਾਰ ਕਿਤੇ ਵੀ ਹੋ ਸਕਦਾ ਹੈ। Misoprostol ਗੋਲੀਆਂ ਲੈਣ ਤੋਂ ਬਾਅਦ 3 ਘੰਟੇ ਲਈ ਆਰਾਮ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਖ਼ੂਨ ਵਗਣਾ ਔਸਤਨ 11 ਦਿਨਾਂ ਤੱਕ ਚੱਲਦਾ ਹੈ ਅਤੇ 2 ਤੋਂ 3 ਦਿਨਾਂ ਲਈ ਇਹ ਜ਼ਿਆਦਾ ਹੋ ਸਕਦਾ ਹੈ।

# 4 ਖਾਤਮੇ ਦੇ ਚਿੰਨ੍ਹ ਅਤੇ ਲੱਛਣ

ਹੇਠਾਂ ਉਨ੍ਹਾਂ ਸੱਭ ਤੋਂ ਆਮ ਲੱਛਣਾਂ ਦੀ ਸੂਚੀ ਦਿੱਤੀ ਗਈ ਹੈ ਜੋ ਤੁਸੀਂ ਖਾਤਮੇ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਅਨੁਭਵ ਕਰ ਸਕਦੇ ਹੋ। ਇਨ੍ਹਾਂ ਲੱਛਣਾਂ ਅਤੇ ਕੋਈ ਵੀ ਜੋਖਮਾਂ ਨੂੰ ਸਮਝਣਾ ਮਹੱਤਵਪੂਰਨ ਹੁੰਦਾ ਹੈ ਜੋ ਇਸ ਇਲਾਜ ਦੀ ਵਰਤੋਂ ਕਰਨ ਨਾਲ ਪੈਦਾ ਹੋ ਸਕਦੇ ਹਨ।

### ਯੋਨੀ ਵਿੱਚੋਂ ਖ਼ੂਨ ਵਗਣਾ:

- ਖ਼ੂਨ ਵਗਣ ਦੀ ਸ਼ੁਰੂਆਤ ਆਮ ਤੌਰ 'ਤੇ Misoprostol ਗੋਲੀਆਂ ਲੈਣ ਦੇ **4 ਘੰਟਿਆਂ** ਦੇ ਅੰਦਰ ਹੁੰਦੀ ਹੈ ਅਤੇ ਜ਼ਿਆਦਾਤਰ ਔਰਤਾਂ 48 ਘੰਟਿਆਂ ਦੇ ਅੰਦਰ ਇਸ ਦੀ ਸ਼ੁਰੂਆਤ ਦਾ ਅਨੁਭਵ ਕਰਣਗੀਆਂ।
- ਖ਼ੂਨ ਵਗਣਾ ਥੋੜ੍ਹੇ ਤੋਂ ਲੈ ਕੇ ਜ਼ਿਆਦਾ ਤੱਕ ਹੋ ਸਕਦਾ ਹੈ। ਖ਼ੂਨ ਵਗਣਾ ਆਮ ਤੌਰ ਤੇ ਇੱਕ ਮਾਹਵਾਰੀ ਦੀ ਅਵਧੀ ਨਾਲੋਂ ਜ਼ਿਆਦਾ ਹੁੰਦਾ ਹੈ।
- ਇੱਕ ਵਾਰ ਗਰਭ ਅਵਸਥਾ ਦੇ ਖਤਮ ਹੋਣ ਤੇ ਖ਼ੂਨ ਦਾ ਵਗਣਾ ਘੱਟ ਹੋ ਜਾਣਾ ਚਾਹੀਦਾ ਹੈ।
- ਯੋਨੀ ਵਿੱਚੋਂ ਖ਼ੂਨ ਵਗਣ ਦਾ ਮਤਲਬ ਇਹ ਨਹੀਂ ਹੁੰਦਾ ਹੈ ਕਿ ਗਰਭ ਅਵਸਥਾ ਦੇ ਟਿਸ਼ੂਆਂ ਨੂੰ ਕੱਢ ਦਿੱਤਾ ਗਿਆ ਹੈ ਪਰ ਖ਼ੂਨ ਦੇ ਗਤਲੇ ਅਤੇ ਟਿਸ਼ੂ ਵੇਖਣਾ ਆਮ ਗੱਲ ਹੁੰਦੀ ਹੈ। **ਗਰਭ ਅਵਸਥਾ ਦੇ ਖਾਤਮੇ ਦੀ ਪੁਸ਼ਟੀ ਕਰਨ ਲਈ, ਇੱਕ ਫਾਲੋ-ਅਪ ਮੁਲਾਂਕਣ ਬਹੁਤ ਮਹੱਤਵਪੂਰਨ ਹੁੰਦਾ ਹੈ।**
- ਕਈ ਵਾਰੀ ਖ਼ੂਨ ਵਗਣਾ Mifepristone ਲੈਣ ਤੋਂ ਬਾਅਦ ਪਰ Misoprostol ਲੈਣ ਤੋਂ ਪਹਿਲਾਂ ਵਾਪਰ ਸਕਦਾ ਹੈ।
- ਖ਼ੂਨ ਵਗਣਾ ਔਸਤਨ 11 ਦਿਨਾਂ ਤੱਕ ਚੱਲਦਾ ਹੈ। ਹਲਕਾ ਖ਼ੂਨ ਵਗਣਾ 30 ਦਿਨਾਂ ਜਾਂ ਇਸ ਤੋਂ ਵੱਧ ਸਮੇਂ ਲਈ ਜਾਰੀ ਰਹਿ ਸਕਦਾ ਹੈ ਪਰ ਆਮ ਤੌਰ 'ਤੇ ਤੁਹਾਡੇ ਇਲਾਜ ਤੋਂ ਬਾਅਦ ਪਹਿਲੀ ਅਵਧੀ ਤੋਂ ਅੱਗੇ ਨਹੀਂ ਜਾਂਦਾ ਹੈ।

### ਸਮੱਸਿਆ ਖ਼ੂਨ ਵਗਣਾ:

- ਜੇਕਰ ਤੁਸੀਂ ਲਗਾਤਾਰ 2 ਘੰਟਿਆਂ ਲਈ ਪ੍ਰਤੀ ਘੰਟਾ **ਦੋ** (ਜਾਂ ਵੱਧ) ਸੰਘਣੇ ਸੈਨੇਟਰੀ ਪੈਡਾਂ ਨੂੰ ਭਰ ਦਿੰਦੇ ਹੋ ਤਾਂ ਇਹ "ਸਮੱਸਿਆ ਖ਼ੂਨ ਵਗਣਾ" ਹੋ ਸਕਦਾ ਹੈ।
- ਜੇਕਰ ਤੁਸੀਂ ਸਮੱਸਿਆ ਖ਼ੂਨ ਵਗਣ ਦਾ ਅਨੁਭਵ ਕਰਦੇ ਹੋ ਜਾਂ ਤੁਹਾਡੇ ਦੁਆਰਾ ਅਨੁਭਵ ਕੀਤੀ ਜਾ ਰਹੀ ਖ਼ੂਨ ਵਗਣ ਦੀ ਮਾਤਰਾ ਬਾਰੇ ਚਿੰਤਤ ਹੋ, ਤਾਂ ਤੁਹਾਨੂੰ ਆਪਣੇ ਸਿਹਤ ਪੇਸ਼ੇਵਰ, ਕਲੀਨਿਕ ਜਾਂ ਇਨਫੋ-ਹੈਲਥ ਟੈਲੀਫੋਨ ਲਾਈਨ (8-1-1) ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਕੜਵੱਲ ਪੈਣਾ:

- Misoprostol ਗੋਲੀਆਂ ਲੈਣ ਦੇ 4 ਘੰਟਿਆਂ ਦੇ ਅੰਦਰ ਕੜਵੱਲ ਪੈਣੇ ਸ਼ੁਰੂ ਹੋ ਸਕਦੇ ਹਨ।
- ਕੜਵੱਲ ਹਲਕੇ ਤੋਂ ਗੰਭੀਰ ਹੋ ਸਕਦੇ ਹਨ ਅਤੇ ਆਮ ਤੌਰ 'ਤੇ ਇੱਕ ਆਮ ਮਾਹਵਾਰੀ ਦੀ ਅਵਧੀ ਨਾਲੋਂ ਜ਼ਿਆਦਾ ਹੁੰਦੇ ਹਨ।
- ਇੱਕ ਵਾਰ ਗਰਭ ਅਵਸਥਾ ਨੂੰ ਕੱਢ ਦਿੱਤੇ ਜਾਣ ਤੋਂ ਬਾਅਦ ਮਹੱਤਵਪੂਰਨ ਕੜਵੱਲ ਘੱਟ ਹੋਣੇ ਚਾਹੀਦੇ ਹਨ। ਇਹ ਆਮ ਤੌਰ 'ਤੇ 24 ਘੰਟਿਆਂ ਤੋਂ ਜ਼ਿਆਦਾ ਨਹੀਂ ਰਹਿੰਦਾ ਹੈ।

## ਦਰਦ ਦਾ ਪ੍ਰਬੰਧਨ:

ਆਪਣੇ ਦਰਦ ਦੇ ਪ੍ਰਬੰਧਨ ਵਿੱਚ ਸਹਾਇਤਾ ਲਈ, ਯਕੀਨੀ ਬਣਾਓ ਕਿ ਤੁਸੀਂ:

- ਆਰਾਮ ਕਰਦੇ ਹੋ
- ਆਪਣੇ ਪੇਟ ਜਾਂ ਪਿਛਲੇ ਪਾਸੇ ਤੇ ਗਰਮ ਪੈਕਜ਼ ਦੀ ਵਰਤੋਂ ਕਰਦੇ ਹੋ
- ਅਕਸਰ ਹੇਠਲੇ ਪੇਟ ਦੀ ਮਾਲਸ਼ ਕਰਦੇ ਹੋ
- ਹਮੇਸ਼ਾਂ ਆਪਣੇ ਸਿਹਤ ਪੇਸ਼ੇਵਰ ਦੁਆਰਾ ਦੱਸੇ ਅਨੁਸਾਰ ਦਰਦ ਤੋਂ ਛੁਟਕਾਰਾ ਪਾਉਣ ਵਾਲੀਆਂ ਦਵਾਈਆਂ ਲੈਂਦੇ ਹੋ

## ਹੋਰ ਸੰਭਵ ਮਾੜੇ ਪ੍ਰਭਾਵ:

- ਸਿਰ ਦਰਦ
- ਛਾਤੀ ਨਰਮ ਹੋਣਾ
- ਬੇਹੋਸ਼ੀ
- ਥਕਾਵਟ
- ਗਰਮ ਫਲਸ਼ ਅਤੇ ਠੰਡ ਲੱਗਣਾ

## Misoprostol ਗੋਲੀਆਂ ਲੈਣ ਨਾਲ ਇਹ ਹੋ ਸਕਦੇ ਹਨ:

- ਮਤਲੀ
- ਉਲਟੀਆਂ
- ਦਸਤ
- ਚੱਕਰ ਆਉਣੇ

ਇਹ ਮਾੜੇ ਪ੍ਰਭਾਵ ਆਮ ਤੌਰ 'ਤੇ ਥੋੜ੍ਹੇ ਸਮੇਂ ਲਈ ਹੁੰਦੇ ਹਨ ਅਤੇ 24 ਘੰਟਿਆਂ ਤੋਂ ਵੱਧ ਸਮੇਂ ਤੱਕ ਨਹੀਂ ਰਹਿੰਦੇ ਹਨ।

**ਜੇਕਰ ਤੁਸੀਂ ਸਮੱਸਿਆਵਾਂ ਦਾ ਅਨੁਭਵ ਕਰਦੇ ਹੋ ਜਾਂ ਮਾੜੇ ਪ੍ਰਭਾਵਾਂ ਬਾਰੇ ਚਿੰਤਿਤ ਹੋ ਤਾਂ ਤੁਹਾਨੂੰ ਆਪਣੇ ਸਿਹਤ ਪੇਸ਼ੇਵਰ, ਕਲੀਨਿਕ ਜਾਂ Info-Health ਟੈਲੀਫੋਨ ਲਾਈਨ (8-1-1) ਨਾਲ ਸੰਪਰਕ ਕਰਨਾ ਚਾਹੀਦਾ ਹੈ।**

# 5 ਇਲਾਜ ਦੇ ਸੰਭਾਵੀ ਮਾੜੇ ਪ੍ਰਭਾਵ

ਹਾਲਾਂਕਿ ਕੜਵੱਲ ਅਤੇ ਖ਼ੂਨ ਵਗਣ ਦੀ ਗਰਭ ਅਵਸਥਾ ਨੂੰ ਖਤਮ ਕਰਨ ਦੇ ਹਿੱਸੇ ਵੱਜੋਂ ਉਮੀਦ ਕੀਤੀ ਜਾਂਦੀ ਹੈ, ਸ਼ਾਇਦ ਹੀ, ਗੰਭੀਰ ਅਤੇ ਸੰਭਾਵਿਤ ਤੌਰ ਤੇ ਜਾਨਲੇਵਾ ਖ਼ੂਨ ਵਗਣਾ, ਇੰਫੈਕਸ਼ਨ ਜਾਂ ਹੋਰ ਸਮੱਸਿਆਵਾਂ ਇੱਕ ਡਾਕਟਰੀ ਗਰਭਪਾਤ ਤੋਂ ਬਾਅਦ ਹੋ ਸਕਦੀਆਂ ਹਨ। ਇਸ ਇਲਾਜ ਦੀ ਵਰਤੋਂ ਕਰਨਾ ਖ਼ਤਰੇ ਤੋਂ ਖਾਲੀ ਨਹੀਂ ਹੁੰਦਾ ਹੈ।

### ਨਿਮਨਲਿਖਿਤ ਹਾਲਾਤਾਂ ਵਿੱਚ ਤੁਰੰਤ ਡਾਕਟਰੀ ਦੇਖਭਾਲ ਦੀ ਲੋੜ ਹੁੰਦੀ ਹੈ।

ਜੇਕਰ ਤੁਸੀਂ ਨਿਮਨਲਿਖਿਤ ਦਾ ਅਨੁਭਵ ਕਰਦੇ ਹੋ ਤਾਂ ਤੁਹਾਨੂੰ ਤੁਰੰਤ ਡਾਕਟਰੀ ਦੇਖਭਾਲ ਲਈ ਆਪਣੇ ਸਿਹਤ ਪੇਸ਼ੇਵਰ ਨਾਲ ਸੰਪਰਕ ਕਰਨਾ ਚਾਹੀਦਾ ਹੈ:

- ਯੋਨੀ ਵਿੱਚੋਂ ਜ਼ਿਆਦਾ ਖ਼ੂਨ ਵਗਣਾ (**ਦੋ** ਲਗਾਤਾਰ ਘੰਟਿਆਂ ਲਈ ਪ੍ਰਤੀ ਘੰਟਾ **ਦੋ** (ਜਾਂ ਵੱਧ) ਸੰਘਣੇ ਸੈਨੇਟਰੀ ਪੈਡਾਂ ਦਾ ਭਿੱਜਣਾ ਜਾਂ ਵੱਡੇ ਮੁੱਕੀ ਦੇ ਆਕਾਰ ਦੇ ਗਤਲੇ ਹੋਣਾ)
- ਲੰਬੇ ਸਮੇਂ ਤੱਕ ਜ਼ਿਆਦਾ ਖ਼ੂਨ ਵਗਣਾ ਜਾਂ ਗੰਭੀਰ ਕੜਵੱਲ। ਇਹ ਉਮੀਦ ਕੀਤੀ ਜਾਂਦੀ ਹੈ ਕਿ ਔਸਤਨ, Mifegymiso ਦੀ ਵਰਤੋਂ ਤੋਂ ਬਾਅਦ ਦੇ 11 ਦਿਨਾਂ ਲਈ ਖ਼ੂਨ ਵਗਣਾ ਜਾਰੀ ਰਹੇਗਾ ਅਤੇ ਸ਼ੁਰੂਆਤ ਵਿੱਚ ਜ਼ਿਆਦਾ ਹੋ ਸਕਦਾ ਹੈ। ਜੇਕਰ ਇਸ ਸਮੇਂ ਤੋਂ ਬਾਅਦ ਕੋਈ ਖ਼ੂਨ ਵਗਦਾ ਹੈ ਤਾਂ ਤੁਹਾਨੂੰ ਵਾਪਸ ਕਲੀਨਿਕ ਜਾਣਾ ਚਾਹੀਦਾ ਹੈ
- ਕੜਵੱਲ ਜਿਨ੍ਹਾਂ ਵਿੱਚ ਦਰਦ ਰਾਹਤ ਦਵਾਈ ਨਾਲ ਸੁਧਾਰ ਨਹੀਂ ਹੁੰਦਾ ਹੈ
- ਬੁਖਾਰ, ਠੰਡ ਲੱਗਣਾ ਜਾਂ ਬਿਮਾਰੀ ਜੋ 6 ਘੰਟੇ ਜਾਂ ਇਸਤੋਂ ਵੱਧ ਸਮੇਂ ਤੱਕ ਰਹਿੰਦੀ ਹੈ
- ਕੋਈ ਵੀ ਅਸਧਾਰਨ ਯੋਨੀ ਵਿੱਚੋਂ ਡਿਸਚਾਰਜ
- ਗੰਭੀਰ ਪੇਟ ਦਰਦ
- Misoprostol ਗੋਲੀਆਂ ਲੈਣ ਤੋਂ ਬਾਅਦ 24 ਘੰਟਿਆਂ ਤੋਂ ਵੱਧ ਲਈ ਬੁਖਾਰ ਨਾਲ ਜਾਂ ਬਿਨਾਂ ਬੁਖਾਰ ਦੇ (ਕਮਜ਼ੋਰੀ, ਮਤਲੀ, ਉਲਟੀਆਂ, ਦਸਤ, ਪੇਟ ਵਿੱਚ ਬੇਅਰਾਮੀ, ਕੜਵੱਲ, ਥਕਾਵਟ, ਠੰਡ ਲੱਗਣਾ ਸਮੇਤ) ਬਿਮਾਰ ਮਹਿਸੂਸ ਕਰਨਾ

ਜੇਕਰ ਤੁਸੀਂ ਨਿਮਨਲਿਖਿਤ ਵਿੱਚੋਂ ਕਿਸੇ ਵੀ ਬਾਰੇ ਚਿੰਤਿਤ ਹੋ ਤਾਂ ਤੁਹਾਨੂੰ ਆਪਣੇ ਸਿਹਤ ਪੇਸ਼ੇਵਰ ਨਾਲ ਸੰਪਰਕ ਕਰਨਾ ਚਾਹੀਦਾ ਹੈ:

- ਸਿਰ ਦਰਦ
- ਛਾਤੀ ਨਰਮ ਹੋਣਾ
- ਬੇਹੋਸ਼ੀ
- ਗਰਮ ਫਲਸ਼, ਚਮੜੀ ਤੇ ਧੱਫੜ ਜਾਂ ਖੁਜਲੀ

ਇਹ ਸੰਭਵ ਹੁੰਦਾ ਹੈ ਕਿ ਕੁਝ ਲੋਕਾਂ ਵਿੱਚ ਦੂਸਰੇ ਮਾੜੇ ਪ੍ਰਭਾਵ ਹੋ ਸਕਦੇ ਹਨ ਜਿਨ੍ਹਾਂ ਬਾਰੇ ਅਜੇ ਤੱਕ ਪਤਾ ਨਹੀਂ ਲਗਾਇਆ ਗਿਆ ਹੈ। ਕੁਝ ਲੋਕਾਂ ਵਿੱਚ ਇਸ ਇਸ਼ਤਿਹਾਰ ਵਿੱਚ ਸੂਚੀਬੱਧ ਨਾ ਕੀਤੇ ਗਏ ਹੋਰ ਮਾੜੇ ਪ੍ਰਭਾਵ ਵੀ ਹੋ ਸਕਦੇ ਹਨ। ਤੁਹਾਨੂੰ ਉਨ੍ਹਾਂ ਮਾੜੇ ਪ੍ਰਭਾਵਾਂ ਬਾਰੇ ਆਪਣੇ ਸਿਹਤ ਪੇਸ਼ੇਵਰ ਨਾਲ ਵਿਚਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਦਾ ਤੁਸੀਂ ਅਨੁਭਵ ਕਰ ਸਕਦੇ ਹੋ।

ਜੇਕਰ ਤੁਹਾਨੂੰ ਕੋਈ ਪਰੇਸ਼ਾਨੀ ਵਾਲਾ ਲੱਛਣ ਜਾਂ ਮਾੜਾ ਪ੍ਰਭਾਵ ਹੁੰਦਾ ਹੈ ਜੋ ਕਾਫੀ ਮਾੜਾ ਹੋ ਜਾਂਦਾ ਹੈ ਕਿ ਤੁਹਾਡੇ ਰੋਜ਼ਾਨਾ ਦੇ ਕੰਮਾਂ ਵਿੱਚ ਦਖਲ ਦਿੰਦਾ ਹੈ, ਤਾਂ ਆਪਣੇ ਸਿਹਤ ਪੇਸ਼ੇਵਰ ਨਾਲ ਗੱਲ ਕਰੋ।

**ਜੇਕਰ ਤੁਹਾਨੂੰ ਗੰਭੀਰ ਲੱਛਣ ਜਾਂ ਮਾੜੇ ਪ੍ਰਭਾਵ ਹਨ, ਤਾਂ ਤੁਰੰਤ ਡਾਕਟਰੀ ਸਹਾਇਤਾ ਪ੍ਰਾਪਤ ਕਰੋ। ਆਪਣੇ ਸਿਹਤ ਪੇਸ਼ੇਵਰ, ਕਲੀਨਿਕ ਨਾਲ ਸੰਪਰਕ ਕਰੋ ਜਾਂ ਨਜ਼ਦੀਕੀ ਡਾਕਟਰੀ ਆਪਾਤਕਾਲੀਨ ਕੇਂਦਰ ਵਿੱਚ ਜਾਓ।**

### ਇਸ ਤੋਂ ਇਲਾਵਾ, ਕਿਰਪਾ ਕਰਕੇ ਧਿਆਨ ਦਿਓ:

- ਲਗਭਗ 2.7% ਤੋਂ 5.1% ਸੰਭਾਵਨਾ ਹੁੰਦੀ ਹੈ ਕਿ ਇਲਾਜ ਦਾ ਕੋਰਸ ਪੂਰੀ ਤਰ੍ਹਾਂ ਪ੍ਰਭਾਵਸ਼ਾਲੀ ਨਹੀਂ ਹੋਵੇਗਾ, ਜਿਸ ਸਥਿਤੀ ਵਿੱਚ ਤੁਹਾਨੂੰ ਗਰਭਪਾਤ ਨੂੰ ਪੂਰਾ ਕਰਨ ਲਈ ਕਿਸੇ ਸਰਜੀਕਲ ਪ੍ਰਕਿਰਿਆ ਦੀ ਲੋੜ ਹੋਏਗੀ। ਜੇਕਰ ਤੁਹਾਨੂੰ ਲਗਾਤਾਰ ਗਰਭ ਅਵਸਥਾ ਹੁੰਦੀ ਹੈ ਅਤੇ ਤੁਸੀਂ ਗਰਭ ਅਵਸਥਾ ਨੂੰ ਬਣਾਏ ਰੱਖਣ ਦਾ ਫੈਸਲਾ ਕਰਦੇ ਹੋ, ਤਾਂ Mifepristone ਜਾਂ Misoprostol ਦੀ ਵਰਤੋਂ ਨਾਲ ਭਰੂਣ ਦੀ ਕੁਰੂਪਤਾ ਹੋ ਸਕਦੀ ਹੈ।
- ਲਗਭਗ 0.6%-2.5% ਸੰਭਾਵਨਾ ਹੁੰਦੀ ਹੈ ਕਿ ਤੁਹਾਨੂੰ ਚੱਲ ਰਹੀ ਜਾਂ ਜ਼ਿਆਦਾ ਖੂਨ ਵਗਣ ਦਾ ਪ੍ਰਬੰਧਨ ਕਰਨ ਲਈ ਸਰਜਰੀ ਦੀ ਲੋੜ ਹੋਏਗੀ।
- ਹੇਮੋਰਿਜ (ਜ਼ਿਆਦਾ ਖੂਨ ਵਗਣ) ਕਾਰਨ ਖੂਨ ਚੜ੍ਹਾਉਣ ਦੀ ਜ਼ਰੂਰਤ ਦਾ ਜੋਖਮ ਲਗਭਗ 0.1% ਹੁੰਦਾ ਹੈ।
- ਗਰਭ ਅਵਸਥਾ ਦੇ ਡਾਕਟਰੀ ਤਰੀਕੇ ਨਾਲ ਖਾਤਮੇ ਵਿੱਚ ਗੰਭੀਰ ਇੰਫੈਕਸ਼ਨ ਬਹੁਤ ਘੱਟ ਹੁੰਦੇ ਹਨ ਅਤੇ ਇਹ ਸੰਭਾਵਿਤ ਤੌਰ ਤੇ ਜਾਨਲੇਵਾ ਹੋ ਸਕਦੇ ਹਨ। ਇਲਾਜ ਤੋਂ ਬਾਅਦ ਪੇਟ ਵਿੱਚ ਲਗਾਤਾਰ ਦਰਦ ਹੋਣ ਜਾਂ ਠੀਕ ਮਹਿਸੂਸ ਨਾ ਕਰਨ ਜਾਂ ਬੁਖਾਰ ਦੇ ਨਾਲ ਜਾਂ ਬਿਨਾਂ ਕਮਜ਼ੋਰ ਮਹਿਸੂਸ ਹੋਣ ਦੇ ਲੱਛਣਾਂ ਬਾਰੇ ਬਿਨ੍ਹਾਂ ਦੇਰੀ ਕੀਤੇ ਆਪਣੇ ਸਿਹਤ ਪੇਸ਼ੇਵਰ ਨੂੰ ਦੱਸਣਾ ਚਾਹੀਦਾ ਹੈ।
- ਐਕਟੋਪਿਕ ਗਰਭ ਅਵਸਥਾ (ਬੱਚੇਦਾਨੀ ਤੋਂ ਬਾਹਰ ਵਧਣਾ) ਗਰਭ ਅਵਸਥਾ ਦੀ ਇੱਕ ਜਟਿਲਤਾ ਹੁੰਦੀ ਹੈ ਨਾ ਕਿ ਗਰਭ ਅਵਸਥਾ ਦੇ ਡਾਕਟਰੀ ਤਰੀਕੇ ਨਾਲ ਖਾਤਮੇ ਦੀ।

# 6 ਫਾਲੋ-ਅੱਪ

ਤੁਹਾਨੂੰ ਆਪਣੇ ਸਿਹਤ ਪੇਸ਼ੇਵਰ ਦੁਆਰਾ ਸਲਾਹ ਦਿੱਤੇ ਅਨੁਸਾਰ ਕੋਈ ਵੀ ਫਾਲੋ-ਅਪ ਪ੍ਰਬੰਧਾਂ ਜਾਂ ਮੁਲਾਕਾਤਾਂ ਦੀ ਪਾਲਣ ਕਰਨੀ ਚਾਹੀਦੀ ਹੈ। ਫਾਲੋ-ਅਪ ਬਹੁਤ ਮਹੱਤਵਪੂਰਨ ਹੁੰਦਾ ਹੈ ਤਾਂ ਜੋ ਤੁਹਾਡੇ ਸਿਹਤ ਪੇਸ਼ੇਵਰ ਇਸ ਗੱਲ ਦੀ ਪੁਸ਼ਟੀ ਕਰ ਸਕਣ ਕਿ ਗਰਭ ਅਵਸਥਾ ਦਾ ਖਾਤਮਾ ਪੂਰਾ ਹੋ ਗਿਆ ਹੈ ਅਤੇ ਸੰਭਵ ਜਟਿਲਤਾਵਾਂ ਨੂੰ ਵੱਖ ਕਰ ਦਿੱਤਾ ਗਿਆ ਹੈ।

ਜੇਕਰ ਸਮਾਪਤੀ ਪੂਰੀ ਨਹੀਂ ਹੁੰਦੀ ਹੈ, ਤਾਂ ਤੁਹਾਡਾ ਸਿਹਤ ਪੇਸ਼ੇਵਰ ਤੁਹਾਡੇ ਇਲਾਜ ਦੇ ਵਿਕਲਪਾਂ ਬਾਰੇ ਵਿਚਾਰ ਕਰੇਗਾ, ਜਿਸ ਵਿੱਚ ਸਰਜਰੀ ਸ਼ਾਮਲ ਹੋ ਸਕਦੀ ਹੈ।

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਉਸ ਸਮੇਂ ਦੌਰਾਨ ਘਰ ਤੋਂ ਦੂਰ ਯਾਤਰਾ ਨਾ ਕਰੋ ਜਦੋਂ ਤੁਹਾਡਾ ਖੂਨ ਵਗ ਰਿਹਾ ਹੋਵੇ ਤਾਂ ਜੋ ਲੋੜ ਪੈਣ ਤੇ ਤੁਸੀਂ ਆਪਣੇ ਸਿਹਤ ਪੇਸ਼ੇਵਰ ਜਾਂ ਕਲੀਨਿਕ ਵਿੱਚ ਜਾ ਸਕੋ।

**ਜੇਕਰ ਤੁਸੀਂ Mifegymiso ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ:**

- ਆਪਣੇ ਸਿਹਤ ਪੇਸ਼ੇਵਰ ਨਾਲ ਗੱਲ ਕਰੋ
- **Health Canada** ਵੈਬਸਾਈਟ ਤੇ ਜਾ ਕੇ, ਜਾਂ **1-877-230-4227**ਤੇ **Celopharma** ਨੂੰ ਫੋਨ ਕਰਕੇ ਪੂਰਾ ਉਤਪਾਦ ਮੋਨੋਗ੍ਰਾਫ ਪਾਓ ਜੋਕਿ ਸਿਹਤ ਪੇਸ਼ੇਵਰਾਂ ਲਈ ਤਿਆਰ ਕੀਤਾ ਗਿਆ ਹੈ।

# 7 ਮਹੱਤਵਪੂਰਨ ਨੰਬਰ

**ਤੁਹਾਡੇ ਸਿਹਤ ਪੇਸ਼ੇਵਰ ਦਾ ਫੋਨ ਨੰਬਰ:**

---

### ਜਿਨਸੀ ਸਿਹਤ ਅਤੇ ਅਧਿਕਾਰਾਂ ਲਈ ਐਕਸ਼ਨ ਕੈਨੇਡਾ

**www.sexualhealthandrights.ca**
ਟੋਲ ਫ੍ਰੀ ਕਾਲ ਕਰੋ **1-888-642-2725**

### ਕੌਮੀ ਗਰਭਪਾਤ ਫੈਡਰੇਸ਼ਨ ਹੌਟਲਾਈਨ

**www.nafcanada.org**
ਟੋਲ ਫ੍ਰੀ ਕਾਲ ਕਰੋ **1-800-772-9100**

ਹਫਤੇ ਦੇ ਦਿਨ: ਸਵੇਰੇ 7:00 ਵਜੇ – ਰਾਤ 11: 00 ਵਜੇ ਪੂਰਬੀ ਸਮਾਂ

ਸ਼ਨੀਵਾਰ ਅਤੇ ਐਤਵਾਰ ਸਵੇਰੇ 9:00 ਵਜੇ – ਰਾਤ 9:00 ਵਜੇ

ਜੇਕਰ ਤੁਹਾਡੇ ਕੋਲ ਚਿੰਤਾਵਾਂ ਅਤੇ/ਜਾਂ ਸਵਾਲ ਹਨ ਤਾਂ ਸੰਪਰਕ ਕਰਨ ਲਈ ਪ੍ਰੋਵਿੰਸ਼ੀਅਲ /ਟੈਰੀਟੋਰਿਅਲ ਟੈਲੀਹੈਲਥ/ਟੈਲੀਮੇਡਿਸਿਨ ਲਾਈਨਾਂ

### ਐਲਬਰਟਾ

**ਐਲਬਰਟਾ ਟੈਲੀਹੈਲਥ:** **www.myhealth.alberta.ca**

HEALTH LINK 24/7 ਡਾਇਲ: **8-1-1**

### ਬ੍ਰਿਟਿਸ਼ ਕੋਲੰਬੀਆ

**www.healthlinkbc.ca**
ਪੂਰੇ ਬੀਸੀ ਵਿੱਚ ਬੀਸੀ ਹੈਲਥਗਾਈਡ ਨਰਸਲਾਈਨ: **8-1-1**

**www.optionsforsexualhealth.org/sex-sense**
ਪੂਰੇ ਬੀਸੀ ਵਿੱਚ: **1-800-SEX SENSE (1-800-739-7367)**

### ਮੈਨੀਟੋਬਾ

**HEALTHLINKS: www.wrha.mb.ca/healthinfo/healthlinks/**
ਵਿਨੀਪੈੱਗ ਅੰਦਰ: **204-788-8200**

ਪੂਰੇ ਮੈਨੀਟੋਬਾ ਵਿੱਚ ਟੋਲ-ਫ੍ਰੀ **1-888-315-9257**

### ਨਿਊ ਬ੍ਰੰਸਵਿਕ

**ਟੈਲੀਕੇਅਰ:** **www.gnb.ca/0217/tele-care-e.asp**

ਪੂਰੇ ਐਨਬੀ ਵਿੱਚ **8-1-1**

### ਨਿਊਫਾਊਂਡਲੈਂਡ ਅਤੇ ਲੈਬਰਾਡਰ

**www.nlchi.nl.ca/index.php/ehealth-systems/telehealth**
ਨਰਸ ਹੈਲਥਲਾਈਨ **8-1-1**

ਟੌਲ ਫ੍ਰੀ **1-888-709-2929**

### ਉੱਤਰ ਪੱਛਮੀ ਪ੍ਰਦੇਸ਼

**www.hss.gov.nt.ca**

### ਨੋਵਾ ਸਕੋਸ਼ੀਆ

**HEALTHLINKS: www.nshealthlink811.ca**
ਗੈਰ-ਆਪਾਤਕਾਲ ਸਿਹਤ ਜਾਣਕਾਰੀ ਅਤੇ ਸੇਵਾਵਾਂ ਲਈ: **8-1-1**

ਕਮਜ਼ੋਰ ਸੁਣਨ ਸ਼ਕਤੀ: **7-1-1**

### ਓਨਟਾਰੀਓ

TELEHEALTH ਓਨਟਾਰੀਓ:

**www.ontario.ca/page/get-medical-advice-telehealth-ontario**
**1-866-797-0000**
ਟੀਟੀਵਾਈ: **1-866-797-0007**

### ਪੀਈਆਈ

**ਪੀਈਆਈ TELEHEALTH: https://www.pei/811-telehealth**

### ਕਿਊਬੈਕ

**INFO-SANTÉ: http://sante.gouv.qc.ca/systeme-sante-en-bref/info-sante-8-1-1/**
ਪੂਰੇ ਕਿਊਬੈਕ ਵਿੱਚ: **8-1-1**

### ਸਸਕੈਚਵਾਨ

**www.saskatchewan.ca/residents/health/accessing-health-care-services/ healthline**
ਹੈਲਥਲਾਈਨ: **8-1-1**

ਟੀਟੀਵਾਈ: **1-888-425-4444**

### ਯੂਕੋਨ

**ਯੂਕੋਨ ਹੈਲਥ ਗਾਈਡ: www.ykhealthguide.org**

ਟੌਲ ਫ੍ਰੀ **1-800-661-0408, LOCAL 3673**

### ਸੂਬਈ/ਟੈਰੀਟੋਰਿਅਲ ਟੈਲੀਹੈਲਥ/ਟੈਲੀਮੈਡੀਸਿਨ ਲਾਈਨਾਂ

ਕੈਨੇਡੀਅਨ ਵੂਮੈਨਜ਼ ਹੈਲਥ ਨੈੱਟਵਰਕ (CANADIAN WOMEN'S HEALTH NETWORK)

WWW.CWHN.CA

### CELOPHARMA

**www.celopharma.com**
ਟੌਲ ਫ੍ਰੀ **1-877-230-4227**

### ਟਿੱਪਣੀਆਂ:

____________________________________________________________

____________________________________________________________

ਵਧੇਰੇ ਜਾਣਕਾਰੀ ਲਈ **1-877-230-4227** ਕਾਲ ਕਰੋ ਜਾਂ

**www.celopharma.com** ’ਤੇ ਜਾਓ।